# 3rd India-Australia-Japan-USA Ministerial Meeting

February 18, 2021

# ਭਾਰਤ-ਆਸਟਰੇਲੀਆ-ਜਾਪਾਨ-ਅਮਰੀਕਾ ਦਰਮਿਆਨ ਤੀਜੀ ਮੰਤਰੀ ਮੰਡਲੀ ਬੈਠਕ

18 ਫਰਵਰੀ, 2021

18 ਫਰਵਰੀ, 2021 ਨੂੰ ਭਾਰਤ-ਆਸਟਰੇਲੀਆ-ਜਾਪਾਨ-ਅਮਰੀਕਾ ਦਰਮਿਆਨ ਹੋਣ ਵਾਲੀ ਤੀਜੀ ਮੰਤਰੀ ਮੰਡਲੀ ਬੈਠਕ ਵਿੱਚ ਸਬੰਧਤ ਵਿਦੇਸ਼ ਮੰਤਰੀ ਭਾਗ ਲੈਣਗੇ।

ਇਹ ਬੈਠਕ 6 ਅਕਤੂਬਰ, 2020 ਨੂੰ ਟੋਕਿਓ ਵਿੱਚ ਹੋਈ ਉਨ੍ਹਾਂ ਦੀ ਆਖਰੀ ਮੀਟਿੰਗ ਵਿੱਚ ਹੋਏ ਲਾਹੇਵੰਦ ਵਿਚਾਰ ਵਟਾਂਦਰੇ ਨੂੰ ਜਾਰੀ ਰੱਖਣ ਦਾ ਮੌਕਾ ਦੇਵੇਗੀ।

ਬੈਠਕ ਵਿੱਚ ਮੰਤਰੀ ਖੇਤਰੀ ਅਤੇ ਆਲਮੀ ਮੁੱਦਿਆਂ, ਖਾਸ ਕਰਕੇ ਆਜ਼ਾਦ, ਖੁੱਲੇ ਅਤੇ ਸਮਾਵੇਸ਼ੀ ਭਾਰਤ-ਪ੍ਰਸ਼ਾਂਤ ਖੇਤਰ ਕਾਇਮ ਰੱਖਣ ਲਈ, ਭਾਈਵਾਲੀ ਦੇ ਵਿਹਾਰਕ ਖੇਤਰਾਂ ਬਾਰੇ ਵਿਚਾਰ ਵਟਾਂਦਰਾ ਕਰਨਗੇ। ਉਹ COVID -19 ਮਹਾਂਮਾਰੀ ਨਾਲ ਨਜਿੱਠਣ ਲਈ ਚੱਲ ਰਹੇ ਜਤਨਾਂ, ਆਲਮੀ ਮੌਸਮੀ ਤਬਦੀਲੀ ਅਤੇ ਆਪਸੀ ਦਿਲਚਸਪੀ ਦੇ ਹੋਰ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ।

ਨਵੀਂ ਦਿੱਲੀ
18 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.